**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ**

ਵੱਲ

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।

2. ਸਮੂਹ ਸਕੂਲ ਮੁੱਖੀ।

ਮੀਮੋ ਨੰ. Transfer Cell/2024/755912/1408

ਮਿਤੀ: ੦੫.੦੯.੨੦੨੫

ਵਿਸ਼ਾ:- ਵਿਭਾਗ ਵਲੋਂ ਲਗਾਈਆਂ ਆਰਜੀ ਡਿਊਟੀਆਂ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਭਾਗ ਵਲੋਂ ਕੁਝ ਅਧਿਆਪਕਾਂ/ਕਰਮਚਾਰੀਆਂ ਦੀਆਂ ਆਰਜੀ ਡਿਊਟੀਆਂ ਵੱਖ ਵੱਖ ਸਕੂਲਾਂ/ਅਦਾਰਿਆਂ ਵਿੱਚ ਲਗਾਈਆਂ ਸਨ। ਵਿਭਾਗ ਵਲੋਂ ਹੁਣ ਅਗਸਤ/ਸਤੰਬਰ 2024 ਦੌਰਾਨ ਆਨਲਾਈਨ ਪੋਰਟਲ ਰਾਹੀਂ ਟੀਚਰ ਟਰਾਂਸਫਰ ਪਾਲਿਸੀ-2019 ਤਹਿਤ ਬਦਲੀਆਂ ਕੀਤੀਆਂ ਗਈਆਂ ਹਨ।

2.0 ਬਦਲੀਆਂ ਦੌਰਾਨ ਜਿਹੜੇ ਸਕੂਲਾਂ ਵਿੱਚ ਅਧਿਆਪਕ/ਕਰਮਚਾਰੀ ਆਰਜੀ ਤੌਰ ਤੇ ਕੰਮ ਕਰ ਰਹੇ ਹਨ ਅਤੇ ਉਹਨਾਂ ਸਕੂਲਾਂ ਵਿੱਚ ਜੇਕਰ ਕਿਸੇ ਹੋਰ ਅਧਿਆਪਕ/ਕਰਮਚਾਰੀ ਦੀ ਪੱਕੇ ਤੌਰ ਤੇ ਆਨਲਾਈਨ ਵਿਧੀ ਰਾਹੀਂ ਬਦਲੀ ਹੋ ਜਾਂਦੀ ਹੈ ਤਾਂ ਆਰਜੀ ਡਿਊਟੀ ਵਾਲੇ ਅਧਿਆਪਕ/ਕਰਮਚਾਰੀ ਨੂੰ ਫਾਰਗ ਕਰ ਦਿੱਤਾ ਜਾਵੇ ਅਤੇ ਆਨਲਾਈਨ ਪੋਰਟਲ ਰਾਹੀਂ ਬਦਲੀ ਹੋ ਕੇ ਆਏ ਅਧਿਆਪਕ ਨੂੰ ਜੁਆਇੰਨ ਕਰਵਾਇਆ ਜਾਵੇ। ਇਹ ਪੱਤਰ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

੫.੯.੨੪
ਸਹਾਇਕ ਡਾਇਰੈਕਟਰ (ਟਰਾਂਸਫਰ ਸੈੱਲ)

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਪਿੱਠ ਅੰਕਣ ਨੰ ਅ-1/1( )2024/626 ਮਿਤੀ 06.09.2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ, ਜਿਲ੍ਹਾ ਬਠਿੰਡਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

06/09/24
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

Scanned with CamScanner